Australian Government
Department of Health, Disability and Ageing



# ਬਿਰਧ ਦੇਖਭਾਲ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ COVID-19 ਟੀਕਾਕਰਨ ਸੰਬੰਧੀ ਜਾਣਕਾਰੀ

ਇਹ ਜਾਣਕਾਰੀ ਸਤੰਬਰ 2025 ਤੱਕ ਚਲੰਤ ਹੈ।

ਬਿਰਧ ਦੇਖਭਾਲ ਘਰਾਂ ਵਿੱਚ ਰਹਿਣ ਵਾਲਿਆਂ ਨੂੰ ਆਪਣੇ ਆਪ ਨੂੰ ਗੰਭੀਰ ਬਿਮਾਰੀ ਤੋਂ ਬਚਾਉਣ ਲਈ ਸਿਫ਼ਾਰਸ਼ ਕੀਤੇ ਗਏ COVID-19 ਟੀਕੇ ਲਗਵਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਵੱਡੀ ਉਮਰ COVID-19 ਤੋਂ ਗੰਭੀਰ ਸਿੱਟੇ ਨਿੱਕਲਣ ਲਈ ਸਭ ਤੋਂ ਵੱਡਾ ਜ਼ੋਖਮ ਕਾਰਕ ਬਣੀ ਹੋਈ ਹੈ।

- **75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ** ਨੂੰ ਹਰ **6 ਮਹੀਨਿਆਂ** ਬਾਅਦ COVID-19 ਦਾ ਟੀਕਾ ਲਗਵਾਉਣਾ ਚਾਹੀਦਾ ਹੈ।
- **65 ਤੋਂ 74 ਸਾਲ ਦੀ ਉਮਰ ਦੇ ਵਿਅਕਤੀਆਂ** ਲਈ ਹਰ **12 ਮਹੀਨਿਆਂ** ਬਾਅਦ ਇੱਕ ਖ਼ੁਰਾਕ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।
- **ਸਰੀਰ ਦੀ ਰੋਗ-ਪ੍ਰਤੀਰੋਧਕ ਸਮਰੱਥਾ ਬਹੁਤ ਘੱਟ ਹੋਣ ਵਾਲੇ 18 ਤੋਂ 64 ਸਾਲ ਦੇ ਵਿਅਕਤੀਆਂ** ਲਈ ਵੀ ਹਰ **12 ਮਹੀਨਿਆਂ** ਬਾਅਦ ਇੱਕ ਖ਼ੁਰਾਕ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਸਮੇਂ ਦੇ ਨਾਲ ਟੀਕੇ ਦੀ ਸੁਰੱਖਿਆ ਘੱਟ ਜਾਂਦੀ ਹੈ, ਇਸ ਲਈ ਸਮੇਂ-ਸਮੇਂ 'ਤੇ ਖ਼ੁਰਾਕਾਂ ਲਗਵਾਉਣਾ ਤੁਹਾਡੇ ਸਰੀਰ ਦੀ ਰੋਗ-ਪ੍ਰਤੀਰੋਧਕ ਸਮਰੱਥਾ ਨੂੰ ਵਧਾਉਣ ਵਿੱਚ ਮੱਦਦ ਕਰਦਾ ਹੈ ਅਤੇ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖ਼ਲ ਹੋਣ ਜਾਂ ਮੌਤ ਦੇ ਜ਼ੋਖਮ ਨੂੰ ਘਟਾਉਂਦਾ ਹੈ।

COVID-19 ਟੀਕੇ ਨੂੰ ਸਾਲਾਨਾ ਫ਼ਲੂ ਟੀਕੇ ਦੇ ਨਾਲ ਇੱਕੋ ਦਿਨ ਲਗਾਇਆ ਜਾ ਸਕਦਾ ਹੈ।

ਜੇਕਰ ਤੁਸੀਂ ਸਿਫ਼ਾਰਸ਼ ਕੀਤੇ ਸਮੇਂ ਅਨੁਸਾਰ COVID-19 ਟੀਕਾ ਨਹੀਂ ਲਗਵਾਇਆ, ਤਾਂ ਕਿਰਪਾ ਕਰਕੇ ਆਪਣੇ ਬਿਰਧ ਦੇਖਭਾਲ ਘਰ ਨੂੰ ਜਲਦੀ ਤੋਂ ਜਲਦੀ ਆਪਣੇ ਟੀਕਾਕਰਨ ਦਾ ਪ੍ਰਬੰਧ ਕਰਨ ਲਈ ਕਹੋ।

## ਸਿਫ਼ਾਰਸ਼ ਕੀਤੀ ਵੈਕਸੀਨ ਕਿਵੇਂ ਲਗਵਾਈਏ?

ਤੁਹਾਡਾ ਬਿਰਧ ਦੇਖਭਾਲ ਘਰ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕਿ ਜਿਵੇਂ ਹੀ ਤੁਸੀਂ ਆਪਣੀ ਸਿਫ਼ਾਰਸ਼ ਕੀਤੀ COVID-19 ਵੈਕਸੀਨ ਦੀ ਖ਼ੁਰਾਕ ਲਗਵਾਉਣ ਲਈ ਯੋਗ ਹੁੰਦੇ ਹੋ, ਤੁਹਾਨੂੰ ਉਹ ਖ਼ੁਰਾਕ ਮਿਲ ਸਕੇ।

ਉਹ ਦੇਖਭਾਲ ਘਰ ਵਿੱਚ ਆਉਣ ਲਈ ਕਿਸੇ ਡਾਕਟਰ (GP), ਫਾਰਮਾਸਿਸਟ ਜਾਂ ਕੋਈ ਹੋਰ ਮੁੱਢਲੇ ਦੇਖਭਾਲ ਪ੍ਰਦਾਤਾ ਦਾ ਪ੍ਰਬੰਧ ਕਰ ਸਕਦੇ ਹਨ ਜੋ ਤੁਹਾਨੂੰ ਟੀਕਾ ਲਗਾਏਗਾ। ਤੁਸੀਂ COVID-19 ਟੀਕਾ ਤਾਂ ਵੀ ਲਗਵਾ ਸਕਦੇ ਹੋ ਭਾਵੇਂ ਤੁਹਾਨੂੰ ਹਾਲ ਹੀ ਵਿੱਚ COVID-19 ਹੋਇਆ ਹੋਵੇ।

## ਸਹਿਮਤੀ ਦੇਣਾ

ਬਿਰਧ ਦੇਖਭਾਲ ਘਰਾਂ ਵਿੱਚ ਰਹਿਣ ਵਾਲੇ ਸਾਰੇ ਨਿਵਾਸੀਆਂ ਵੱਲੋਂ COVID-19 ਟੀਕਾ ਲਗਵਾਉਣ ਤੋਂ ਪਹਿਲਾਂ ਆਪਣੀ ਜਾਇਜ਼ ਸਹਿਮਤੀ ਦੇਣੀ ਲਾਜ਼ਮੀ ਹੈ।

ਤੁਹਾਡੇ ਟੀਕਾਕਰਨ ਲਈ ਸਹਿਮਤੀ ਪ੍ਰਾਪਤ ਕਰਨਾ ਤੁਹਾਡੇ ਬਿਰਧ ਦੇਖਭਾਲ ਘਰ ਦੀ ਜ਼ਿੰਮੇਵਾਰੀ ਹੈ।

ਬਿਰਧ ਦੇਖਭਾਲ ਪ੍ਰਦਾਤਾ ਨਿਵਾਸੀਆਂ ਦੀ ਸਹਿਮਤੀ ਉਸ ਸਿਹਤ ਪੇਸ਼ੇਵਰ ਨਾਲ ਸਾਂਝੀ ਕਰਦੇ ਹਨ ਜੋ ਇਹ ਟੀਕਾ ਲਗਾਉਂਦਾ ਹੈ, ਤਾਂ ਜੋ ਇਹ ਜਾਣਕਾਰੀ Australian Immunisation Register (AIR) [ਆਸਟ੍ਰੇਲੀਅਨ ਟੀਕਾਕਰਨ ਰਜਿਸਟਰ]

ਇੱਥੇ ਜਾ ਕੇ ਮੌਜੂਦਾ ਟੀਕਾਕਰਨ ਸਿਫ਼ਾਰਸ਼ਾਂ ਬਾਰੇ ਹੋਰ ਜਾਣੋ https://www.health.gov.au/our-work/covid-19-vaccines/getting-your-vaccination

ਇੱਥੇ ਜਾ ਕੇ COVID-19 ਟੀਕਾਕਰਨ ਲਈ ਸਹਿਮਤੀ ਬਾਰੇ ਹੋਰ ਜਾਣੋ

https://www.health.gov.au/resources/publications/consent-for-covid-19-vaccination-for-older-people-including-aged-care-residents-families-and-carers

ਤੁਹਾਡੇ ਦੇਖਭਾਲ ਘਰ ਦਾ ਸਟਾਫ਼ ਤੁਹਾਡੇ ਨਾਲ, ਤੁਹਾਡੇ ਸਰਪ੍ਰਸਤ ਜਾਂ ਬਦਲਵੇਂ ਤੌਰ 'ਤੇ ਫ਼ੈਸਲੇ ਲੈਣ ਵਾਲੇ ਵਿਅਕਤੀ ਨਾਲ ਚਰਚਾ ਕਰੇਗਾ ਕਿ ਕੀ ਤੁਸੀਂ COVID-19 ਟੀਕਾ ਲਗਵਾਉਣ ਲਈ ਸਹਿਮਤੀ ਦਿੰਦੇ ਹੋ ਜਾਂ ਨਹੀਂ। ਉਹ ਤੁਹਾਡੀ ਸਹਿਮਤੀ ਫਾਰਮ ਭਰਨ ਵਿੱਚ ਮੱਦਦ ਕਰਨਗੇ।

## ਸਰਪ੍ਰਸਤ ਜਾਂ ਕਿਸੇ ਬਦਲਵੇਂ ਤੌਰ 'ਤੇ ਫ਼ੈਸਲੇ ਲੈਣ ਵਾਲੇ ਦੀ ਸਹਿਮਤੀ

ਕੁੱਝ ਕੁ ਮਾਮਲਿਆਂ ਵਿੱਚ, ਬਿਰਧ ਦੇਖਭਾਲ ਘਰ ਵਿੱਚ ਰਹਿਣ ਵਾਲੇ ਨਿਵਾਸੀ ਲਈ COVID-19 ਟੀਕਾ ਲਗਵਾਉਣ ਦੀ ਸਹਿਮਤੀ ਸਰਪ੍ਰਸਤ ਜਾਂ ਬਦਲਵੇਂ ਤੌਰ 'ਤੇ ਫ਼ੈਸਲੇ ਲੈਣ ਵਾਲੇ ਵਿਅਕਤੀ ਨੂੰ ਦੇਣੀ ਪੈਂਦੀ ਹੈ।

ਆਸਟ੍ਰੇਲੀਆ ਦੇ ਹਰੇਕ ਰਾਜ ਅਤੇ ਕੇਂਦਰੀ ਪ੍ਰਦੇਸ਼ ਦੇ ਸਰਪ੍ਰਸਤੀ ਅਤੇ ਬਦਲਵੇਂ ਤੌਰ 'ਤੇ ਫ਼ੈਸਲੇ ਲੈਣ ਵਾਲੇ ਵਿਅਕਤੀ ਲਈ ਆਪਣੇ ਕਾਨੂੰਨ ਅਤੇ ਨਿਯਮ ਹਨ। ਜੇਕਰ ਤੁਸੀਂ ਕਿਸੇ ਨਿਵਾਸੀ ਦੀ ਥਾਂ ਸਹਿਮਤੀ ਦੇ ਰਹੇ ਹੋ, ਤਾਂ ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ ਪੱਕੀ ਸਰਪ੍ਰਸਤੀ ਸੰਬੰਧੀ ਕਾਨੂੰਨ ਨੂੰ ਵੇਖੋ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਹਿਮਤੀ ਜਾਇਜ਼ ਹੈ ਅਤੇ ਕਾਨੂੰਨੀ ਮਿਆਰਾਂ 'ਤੇ ਪੂਰੀ ਉਤਰਦੀ ਹੈ।

ਉਹ ਬਿਰਧ ਦੇਖਭਾਲ ਘਰ ਜਾਣਕਾਰੀ-ਆਧਾਰਿਤ ਫ਼ੈਸਲਾ ਲੈਣ ਵਿੱਚ ਸਹਾਇਤਾ ਕਰਨ ਲਈ ਉਸ ਵੈਕਸੀਨ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ। ਸਰਪ੍ਰਸਤਾਂ ਨੂੰ ਫ਼ੈਸਲਾ ਕਰਦੇ ਸਮੇਂ ਨਿਵਾਸੀ ਦੀਆਂ ਪਤਾ ਹੋਣ ਵਾਲੀਆਂ ਇੱਛਾਵਾਂ, ਡਾਕਟਰੀ ਸਲਾਹ, ਅਤੇ ਟੀਕਾਕਰਨ ਦੇ ਜ਼ੋਖਮਾਂ ਅਤੇ ਲਾਭਾਂ 'ਤੇ ਵਿਚਾਰ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## COVID-19 ਟੀਕੇ ਦੇ ਮਾੜੇ ਪ੍ਰਭਾਵ

COVID-19 ਟੀਕੇ ਦੇ ਆਮ, ਹਲਕੇ ਮਾੜੇ ਪ੍ਰਭਾਵਾਂ ਵਿੱਚ ਸਿਰਦਰਦ ਜਾਂ ਹਲਕਾ ਬੁਖ਼ਾਰ ਸ਼ਾਮਲ ਹੁੰਦਾ ਹੈ, ਅਤੇ ਜੋ ਆਮ ਤੌਰ 'ਤੇ 24 ਘੰਟਿਆਂ ਤੋਂ ਵੱਧ ਨਹੀਂ ਰਹਿੰਦਾ ਹੈ।

ਜੇਕਰ ਤੁਹਾਨੂੰ ਕੋਈ ਚਿੰਤਾ ਹੈ, ਤਾਂ ਕਿਰਪਾ ਕਰਕੇ ਆਪਣੇ ਜੀਪੀ ਜਾਂ ਹੋਰ ਸਿਹਤ ਪੇਸ਼ੇਵਰ ਨਾਲ ਗੱਲ ਕਰੋ।

## ਟੀਕਿਆਂ ਦੀਆਂ ਕਿਸਮਾਂ

ਆਸਟ੍ਰੇਲੀਆ ਵਿੱਚ ਉਪਲਬਧ ਸਾਰੇ ਟੀਕਿਆਂ ਨੂੰ Therapeutic Goods Administration (TGA) [ਥੈਰੇਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ] ਦੁਆਰਾ ਇੱਕ ਸਖ਼ਤ ਜਾਂਚ ਪ੍ਰਕਿਰਿਆ ਤੋਂ ਬਾਅਦ ਮੰਨਜ਼ੂਰੀ ਦਿੱਤੀ ਗਈ ਹੈ।

ਤੁਹਾਡਾ ਟੀਕਾ ਪ੍ਰਦਾਤਾ ਤੁਹਾਡੇ ਲਈ ਉਪਲਬਧ ਟੀਕਿਆਂ ਦੇ ਵਿਕਲਪਾਂ ਬਾਰੇ ਤੁਹਾਡੇ ਨਾਲ ਗੱਲ ਕਰ ਸਕਦਾ ਹੈ।

ਵਧੇਰੇ ਜਾਣਕਾਰੀ ਲਈ, Department of Health, Disability and Ageing [ਸਿਹਤ, ਅਪੰਗਤਾ ਅਤੇ ਬੁਢਾਪਾ ਵਿਭਾਗ] ਇੱਥੇ ਜਾਓ https://www.health.gov.au/our-work/covid-19-vaccines/information-for-aged-care-providers-workers-and-residents-about-covid-19-vaccines/residential-aged-care-residents?language=en